بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 16.07.2021

ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ

## ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਮਹਾਨ ਮਰਤਬਾ ਰਖੱਣ ਵਾਲੇ ਖ਼ਲੀਫ਼ਾ ਰਾਸ਼ਿਦ ਫ਼ਾਰੂਕ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੇ ਸਦਗੁਣਾ ਦਾ ਜ਼ਿਕਰ

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 16 ਜੁਲਾਈ 2021 ਈ. ਨੂੰ ਮਸਜਿਦ ਮੁਬਾਰਕ, ਇਸਲਾਮਾਬਾਦ (ਬਰਤਾਨੀਆ) ਵਿੱਚ ਦਿਤੱਾ

أَشۡهَدُ أَنۡ لَا إِلٰهَ إِلَّا اللّٰهُ وَحۡدَهٗ لَا شَرِيۡكَ لَهٗ وَأَشۡهَدُ أَنَّ مُحَمَّدًا عَبۡدُهٗ وَرَسُوۡلُهٗ أَمَّا بعد فاعوذ بالله من الشيطٰن الرجيم۔

بِسۡمِ اللّٰهِ الرَّحۡمٰنِ الرَّحِيۡمِ ۔ اَلۡحَمۡدُ لِلّٰهِ رَبِّ الۡعٰلَمِيۡنَ ۔ الرَّحۡمٰنِ الرَّحِيۡمِ ۔ مٰلِكِ يَوۡمِ الدِّيۡنِ ۔ إِيَّاكَ نَعۡبُدُ وَإِيَّاكَ نَسۡتَعِيۡنُ ۔ اِهۡدِنَا الصِّرَاطَ الۡمُسۡتَقِيۡمَ ۔ صِرَاطَ الَّذِيۡنَ أَنۡعَمۡتَ عَلَيۡهِمۡ غَيۡرِ الۡمَغۡضُوۡبِ عَلَيۡهِمۡ وَلَا الضَّآلِّيۡنَ۔

ਤਸ਼ਹਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦਾ ਜ਼ਿਕਰ ਚੱਲ ਰਿਹਾ ਸੀ । ਆਪ ਰਜ਼ੀ ਅਲੱਾਹੁ ਅਨਹੁ ਦਾ ਖ਼ਿਲਾਫ਼ਤ ਕਾਲ 13 ਹਿਜਰੀ ਤੋਂ 23 ਹਿਜਰੀ ਤੱਕ ਲਗਭਗ ਸਾਢੇ ਦੱਸ ਸਾਲ'ਤੇ ਫੈਲਿਆ ਹੋਇਆ ਹੈ । ਇਸ ਯੁੱਗ ਦੀਆਂ ਜਿਤੱਾਂ ਦੇ ਫੈਲਾਓ ਬਾਰੇ ਸ਼ਿਬਲੀ ਨੁਮਾਨੀ ਨੇ ਲਿੱਖਿਆ ਹੈ ਕਿ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੇ ਜਿੱਤੇ ਹੋਏ ਇਲਾਕਿਆਂ ਦਾ ਖੇਤਰ ਬਾਈ ਲੱਖ ਇਕਵੰਜਾ ਹਜ਼ਾਰ ਤੀਹ ਵਰਗ ਮੀਲ ਬਣਦਾ ਹੈ । ਇਹਨਾ ਜੇਤੂ ਖੇਤਰਾਂ ਵਿੱਚ ਸ਼ਾਮ, ਮਿਸਰ, ਇਰਾਕ, ਇਰਾਨ, ਖ਼ੁਜ਼ਸਤਾਨ, ਆਰਮੀਨੀਆ, ਆਜ਼ਰ ਬਾਈਜਾਨ, ਫ਼ਾਰਸ, ਕਿਰਮਾਨ, ਖ਼ੁਰਾਸਾਨ ਅਤੇ ਮਕਰਾਨ ਆਦਿ ਸ਼ਾਮਲ ਹਨ ।

ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਆਪਣੇ ਸਾਰੇ ਰੁਝੇਵਿਆਂ ਦੇ ਹੁੰਦਿਆਂ ਹੋਇਆਂ ਵੀ ਹਰ ਫ਼ਤਹਿ ਸਮੇਂ ਮੁਸਲਮਾਨਾਂ ਵਿੱਚ ਮੌਜੂਦ ਹੁੰਦੇ ਸਨ । ਬੇਸ਼ਕ ਆਪ ਰਜ਼ੀ ਅਲੱਾਹੁ ਅਨਹੁ ਬਕਾਇਦਾ ਜੰਗ ਵਿੱਚ ਭਾਗ ਨਹੀਂ ਲੈਂਦੇ ਪਰ ਮਦੀਨੇ ਵਿੱਚ ਬੈਠਿਆਂ ਹੀ ਮੁਸਲਮਾਨ ਕਮਾਂਡਰਾਂ ਨੂੰ ਨਿਰਦੇਸ਼ ਦਿੰਦੇ ਰਹਿੰਦੇ ਅਤੇ ਪ੍ਰਤੀਦਿਨ ਦੇ ਅਧਾਰ'ਤੇ ਉਹਨਾਂ ਨਾਲ ਚਿੱਠੀ ਪਤੱਰਾਂ ਰਾਹੀਂ ਗੱਲਬਾਤ ਜਾਰੀ ਰਹਿੰਦੀ ਅਤੇ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਮਦੀਨੇ ਵਿੱਚ ਬੈਠਕੇ ਮੁਸਲਮਾਨਾਂ ਨੂੰ ਆਪਣੇ ਲਸ਼ਕਰਾਂ ਨੂੰ ਪੰਕਤੀਬੱਧ ਕਰਨ ਦੇ ਨਿਰਦੇਸ਼ ਦਿੱਤੇ ਅਤੇ ਉਹਨਾਂ ਨੂੰ ਇਹਨਾ ਖੇਤਰਾਂ ਬਾਰੇ ਅਜਿਹਾ ਦੱਸਿਆ ਤੇ ਨਿਰਦੇਸ਼ ਦਿੱਤੇ ਕਿ ਸੰਭਵਤਾ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੇ ਸਾਹਮਣੇ ਇਹਨਾ ਇਲਾਕਿਆਂ ਦਾ ਨਕਸ਼ਾ (ਚਿਤ੍ਰ) ਮੌਜੂਦ ਸੀ ਜਾਂ ਉਹ ਇਲਾਕੇ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੇ ਸਾਹਮਣੇ ਸਨ । ਇਮਾਮ ਬੁਖ਼ਾਰੀ ਵਿੱਚ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਬਾਰੇ ਲਿੱਖਿਆ ਹੈ ਕਿ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਫ਼ਰਮਾਇਆ ਕਰਦੇ ਸਨ ਕਿ ਮੈਂ ਆਪਣੇ ਲਸ਼ਕਰ ਤਿਆਰ ਕਰਦਾ ਹਾਂ ਅਤੇ ਮੈਂ ਨਮਾਜ਼ ਵਿੱਚ ਹੁੰਦਾ ਹਾਂ, ਅਰਥਾਤ ਐਨ੍ਹੇ ਚਿੰਤਤ ਹੁੰਦੇ ਸਨ ਕਿ ਨਮਾਜ਼ ਵਿੱਚ ਵੀ ਇਸਲਾਮੀ ਫ਼ੌਜਾਂ ਦੀ ਵਿਉਂਤਬੰਦੀ ਦਾ ਕੰਮ ਜਾਰੀ ਰਹਿੰਦਾ । ਇਸ ਵਿੱਚ ਦੁਆ ਵੀ ਕਰਦੇ ਰਹਿੰਦੇ ਹੋਣਗੇ । ਇਹੋ

ਕਾਰਣ ਹੈ ਸਾਨੂੰ ਥਾਂ ਥਾਂ'ਤੇ ਦਿਖਾਈ ਦਿੰਦਾ ਹੈ ਕਿ ਆਪ ਜੀ ਦੇ ਨਿਰਦੇਸ਼ਾਂ ਦੀ ਪੈਰ੍ਹਵੀ ਕਰਦਿਆਂ ਹੋਇਆਂ ਮੁਸਲਮਾਨਾ ਫ਼ੌਜਾਂ ਨੇ ਔਖੇ ਤੋਂ ਔਖੇ ਹਾਲਾਤਾਂ ਵਿੱਚ ਵੀ ਰੱਬ ਦੀ ਮਿਹਰ ਤੇ ਕਰਮ ਨਾਲ ਜਿਤੱਾਂ ਹਾਸਲ ਕੀਤੀਆਂ ।

ਸਯੱਦ ਮੀਰ ਮਹਮੂਦ ਅਹਮਦ ਸਾਹਬ ਇਰਾਨ ਤੇ ਇਰਾਕ ਦੀਆਂ ਜਿਤੱਾ ਬਾਰੇ ਲਿਖੱਦੇ ਹਨ ਕਿ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਦੇ ਖ਼ਿਲਾਫ਼ਤ ਕਾਲ ਵਿੱਚ ਇਰਾਕੀ ਫ਼ੌਜਾਂ ਦੀ ਕਮਾਨ ਹਜ਼ਰਤ ਖ਼ਾਲਿਦ ਬਿਨ ਵਲੀਦ ਰਜ਼ੀ ਅਲੱਾਹੁ ਅਨਹੁ ਦੇ ਹੱਥ ਵਿੱਚ ਸੀ ਪਰ ਆਪਣੇ ਖ਼ਿਲਾਫ਼ਤ ਕਾਲ ਦੇ ਅੰਤ ਵਿੱਚ ਆਪ ਰਜ਼ੀ ਅਲੱਾਹੁ ਅਨਹੁ ਨੇ ਸ਼ਾਮੀ ਜੰਗਾ ਦੀ ਮਹਤੱਾ ਕਰਕੇ ਇਹਨਾ ਨੂੰ ਸ਼ਾਮ ਜਾਣ ਦਾ ਹੁਕਮ ਦਿਤੱਾ ਅਤੇ ਇਰਾਕ ਦੀ ਕਮਾਨ ਹਜ਼ਰਤ ਮੁਸਨੱਾ ਬਿਨ ਹਾਰਸ ਦੇ ਸੁਪੁਰਦ ਕੀਤੀ । ਜੱਦ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਬਿਮਾਰ ਹੋਏ ਅਤੇ ਇਸਲਾਮੀ ਫ਼ੌਜ ਨੂੰ ਸੰਦੇਸ਼ ਮਿਲਣ ਵਿੱਚ ਦੇਰੀ ਹੋਣ ਲੱਗੀ ਤਾਂ ਹਜ਼ਰਤ ਮੁਸਨੱਾ ਆਪਣੇ ਨਾਇਬ ਨਿਯੁਕਤ ਕਰਕੇ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਦੀ ਸੇਵਾ ਵਿੱਚ ਹਾਜ਼ਰ ਹੋਏ । ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਨੇ ਹਜ਼ਰਤ ਓਮਰ ਰਜ਼ੀ ਅਲੱਾਹੁ ਅਨਹੁ ਨੂੰ ਬੁਲਾਇਆ ਅਤੇ ਵਸੀਯੱਤ ਕੀਤੀ ਕਿ ਉਹਨਾ ਦੇ ਦੇਹਾਂਤ ਦੇ ਛੇਤੀ ਹੀ ਬਾਦ ਮੁਸਲਮਾਨਾ ਨੂੰ ਜਿਹਾਦ ਦਾ ਉਤਸਾਹ ਦੇਕੇ ਇਕ ਲਸ਼ਕਰ ਹਜ਼ਰਤ ਮੁਸਨੱਾ ਰਜ਼ੀ ਅਲੱਾਹੁ ਅਨਹੁ ਦੇ ਨਾਲ ਰਵਾਨਾ ਕਰ ਦੇਣ । ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਦੇ ਦੇਹਾਂਤ ਉਪਰੰਤ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨਿਰੰਤਰ ਤਿੰਨ ਦਿਨਾਂ ਤੱਕ ਪਰਵਚਨ ਤੇ ਨਿਰਦੇਸ਼ ਦਿੱਦੇ ਰਹੇ ਪਰੰਤੂ ਲੋਕ ਇਰਾਨ ਦੀ ਸ਼ਾਨੰ ਸ਼ੌਕਤ ਦੇ ਸਬਬ ਡਰੇ ਰਹੇ । ਲੋਕਾਂ ਦਾ ਵਿਚਾਰ ਸੀ ਕਿ ਇਰਾਕ ਦੀ ਜਿੱਤ ਹਜ਼ਰਤ ਖ਼ਾਲਿਦ ਰਜ਼ੀ ਅਲੱਾਹੁ ਅਨਹੁ ਤੋਂ ਬਿਨਾ ਸੰਭਵ ਨਹੀਂ ਪਰੰਤੂ ਚੌਥੇ ਦਿਨ ਹਜ਼ਰਤ ਉਮਰ ਨੇ ਐਨ੍ਹੇ ਜ਼ੋਰ ਨਾਲ ਨਸੀਹਤ ਕੀਤੀ ਕਿ ਲੋਕਾਂ ਦੇ ਦਿਲ ਹਿਲ ਗਏ ਅਤੇ ਇਸ ਦੇ ਸਿੱਟੇ ਵਿੱਚ ਪੰਜ ਹਜ਼ਾਰ ਦਾ ਲਸ਼ਕਰ ਤਿਆਰ ਹੋ ਗਿਆ ।

ਤੇਰ੍ਹਾਂ ਹਿਜਰੀ ਵਿੱਚ ਇਕ ਜੰਗ ਹੋਈ ਜਿਸਨੂੰ ਨਮਾਰਕ ਤੇ ਕਸਕਰ ਦੀ ਜੰਗ ਕਿਹਾ ਜਾਂਦਾ ਹੈ । ਇਸ ਦਾ ਵਿਸਥਾਰ ਕੁਝ ਇਉਂ ਹੈ ਕਿ ਇਰਾਨੀ ਦਰਬਾਰ ਰਈਸਾਂ ਤੇ ਅਮੀਰਾਂ ਦੇ ਆਪਸੀ ਮਤਿਭੇਦ ਕਰਕੇ ਔਕੁੜਾਂ ਦਾ ਸ਼ਿਕਾਰ ਸੀ । ਅਜਿਹੇ ਸਮੇਂ ਰੁਸਤਮ ਦੇ ਰੂਪ ਵਿੱਚ ਇਕ ਨਵਾਂ ਵਿਅਕਤੀਤਵ ਪ੍ਰਕਟ ਹੋਇਆ ਜੋ ਛੇਤੀ ਹੀ ਇਰਾਨੀ ਦਰਬਾਰੀਆਂ ਵੱਲੋਂ ਕਾਲੇ ਚਿੱਟੇ ਦਾ ਮਾਲਕ ਬਣਾ ਦਿਤੱਾ ਗਿਆ । ਰੁਸਤਮ ਇਕ ਬਹਾਦੁਰ ਤੇ ਵਿਉਂਤਬੱਧ ਮਨੁੱਖ ਸੀ ਜਿਸਨੇ ਮੁਸਲਮਾਨਾ ਦੇ ਜੇਤੂ ਖੇਤਰਾਂ ਵਿੱਚ ਆਪਣੇ ਕਰਿੰਦਿਆਂ ਰਾਹੀ ਬਗ਼ਾਵਤ ਕਰਵਾ ਦਿੱਤੀ ਅਤੇ ਹਜ਼ਰਤ ਮੁਸਨੱਾ ਨਾਲ ਮੁਕਾਬਲੇ ਲਈ ਇਸ ਲਸ਼ਕਰ ਰਵਾਨਾ ਕੀਤਾ । ਇਹਨਾ ਹਾਲਾਤਾਂ ਵਿਚ ਹਜ਼ਰਤ ਮੁਸਨੱਾ ਰਜ਼ੀ ਅਲੱਾਹੁ ਅਨਹੁ ਨੇ ਪਿੱਛੇ ਹੱਟ ਜਾਣਾ ਹੀ ਉਚਿਤ ਜਾਣਿਆ । ਦੂਜੇ ਪਾਸੇ ਰੁਸਤਮ ਨੇ ਆਪਣੀ ਪੇਸ਼ਕਦਮੀ ਜਾਰੀ ਰੱਖੀ ਅਤੇ ਇਕ ਜ਼ਬਰਦਸਤ ਲਸ਼ਕਰ ਤਿਆਰ ਕਰਕੇ ਦੋ ਵੱਖ ਵੱਖ ਮਾਰਗਾਂ ਰਾਹੀਂ ਮੁਸਲਮਾਨਾ ਦੇ ਮੁਕਾਬਲੇ ਲਈ ਰਵਾਨਾ ਕੀਤਾ । ਇਖ ਲਸ਼ਕਰ ਜਾਬਾਨ ਦੀ ਅਗਵਾਈ ਹੇਠ ਕੂਫ਼ਾ ਨੇੜੇ ਨਮਾਰਕ ਅਸਥਾਨ'ਤੇ ਉਤਰਿਆ ਜੱਦ ਕਿ ਦੂਜਾ ਲਸ਼ਕਰ ਨਰਸੀ ਦੀ ਅਗਵਾਈ ਹੇਠ ਕਸਕਰ ਜਾ ਪਹੁੰਚਿਆ । ਕਸਕਰ ਦਾ ਸ਼ਹਿਰ ਬਗ਼ਦਾਦ ਅਤੇ ਬਸਰੇ ਵਿਚਕਾਰ ਦਜਲਾ ਦਰਿਆ ਦੇ ਪਛੱਮੀ ਕੰਢੇ ਉਪੱਰ ਅਬਾਦ ਸੀ । ਨਮਾਰਕ ਵਿੱਚ ਹਜ਼ਰਤ ਅਬੂ ਅਬੈਦਾ ਅਤੇ ਜਾਬਾਨ ਵਿੱਚ ਆਹਮਣੇ ਸਾਹਮਣੇ ਜੁੱਧ ਹੋਇਆ ਅਤੇ ਇਕ ਜ਼ਬਰਦਸਤ ਮਾਅਰਕਾ ਹੋਇਆ,ਜਿਸ ਵਿੱਚ ਇਰਾਨੀ ਫ਼ੌਜ ਨੇ ਹਰ ਦਾ ਮੂੰਹ ਦੱਖਿਆ । ਇੱਥੇ ਇਸਲਾਮੀ ਫੌਜ ਦਾ ਇਕ ਅਤਿ ਉਤੱਮ ਨਮੂਨਾ ਦੇਖਣ ਵਿੱਚ ਆਇਆ ਕਿ ਜਾਬਾਦ ਜਿਸਨੂੰ ਇਰਾਨੀ ਲਸ਼ਕਰ ਵਿੱਚ ਬਾਦਸ਼ਾਹੀ ਜਿਹੀ ਹੈਸੀਯੱਤ ਹਾਸਲ ਸੀ ਉਸ ਨੇ ਗ੍ਰਿਫ਼ਤਾਰ ਹੋਣ'ਤੇ ਇਸ ਗੱਲ ਦਾ ਲਾਭ ਚੁੱਕਦਿਆਂ ਹੋਇਆਂ ਕਿ ਗ਼ਿਫ਼ਤਾਰ ਕਰਨ ਵਾਲੇ ਸਿਪਾਹੀ ਉਸਨੂੰ ਜਾਣਦੇ ਸਨ, ਖ਼ਮੋਸ਼ੀ ਨਾਲ ਫ਼ਿਦਿਆ ਦਿਤੱਾ ਅਤੇ ਰਿਹਾਈ ਹਾਸਲ ਕਰ ਲਈ । ਜੱਦ ਹੋਰਨਾ ਮੁਸਮਾਨਾ ਨੂੰ ਇਸ ਗੱਲ ਦਾ ਪਤਾ ਲਗੱਾ ਤਾਂ ਉਹਨਾ ਨੇ ਜਾਬਾਨ ਨੂੰ ਮੁੜ ਗ੍ਰਿਫ਼ਤਾਰ ਕਰ ਲਿਆ, ਪਰ ਹਜ਼ਰਤ ਅਬੂ ਅਬੈਦਾ ਦੇ ਸਹਿਨ ਨਹੀਂ ਕੀਤਾ ਕਿ ਇਕ ਵਿਅਕਤੀ ਜਿਸਨੂੰ ਮੁਸਲਮਾਨ ਸਿਪਾਹੀ ਇਕ ਵਾਰ ਫ਼ਿਦੀਆ ਲੈਕੇ ਰਿਹਾ ਕਰ ਚੁੱਕਿਆ ਹੋਵੇ ਉਸ ਨੂੰ ਦੁਬਾਰਾ ਕੈਦੀ ਬਣਾਇਆ ਜਾਏ । ਸੰਭਵਤਾ ਮੁਸਲਮਾਨਾ ਨੇ ਜ਼ਬਰਦਸਤ ਜੰਗੀ ਲਾਭ ਹਾਸਲ ਕਰਨ ਲਈ ਵੀ ਆਚਰਣ ਦਾ ਪਲੱਾ ਨ ਛੱਡਿਆ ।

ਸਕਾਤੀਆ ਦੀ ਜਿੱਤ ਤੇਰ੍ਹਾਂ ਹਿਜਰੀ ਵਿੱਚ ਹੋਈ । ਨਮਾਰਕ ਤੋਂ ਹਾਰ ਖਾਕੇ ਇਰਾਨੀ ਲਸ਼ਕਰ ਕਸਕਰ ਵੱਲ ਭੱਜਿਆ ਜਿੱਥੇ ਇਰਾਨੀ ਕਮਾਂਡਰ ਨਰਸੀ ਪਹਿਲਾਂ ਹੀ ਇਕ ਲਸ਼ਕਰ ਨਾਲ ਮੁਸਲਮਾਨਾ ਦੇ ਮੁਕਾਬਲੇ ਲਈ ਤਿਆਰ ਸੀ । ਇੱਥੇ ਸਕਾਤੀਆ ਵਿੱਚਕਾਰ ਇਕ ਜਬਰਦਸਤ ਮਾਰਕੇ ਦੇ ਬਾਦ ਰੱਬ ਦੀ ਮਿਹਰ ਨਾਲ ਮੁਸਲਮਾਨਾ ਦੀ ਫ਼ਤਹਿ ਹੋਈ ।

ਬਾਰੋਸਮਾਇਆ ਦੀ ਜੰਗ ਵੀ ਤੇਰ੍ਹਾਂ ਹਿਜਰੀ ਦੀ ਹੈ । ਇਹ ਅਸਥਨ ਕਸਕਰ ਅਤੇ ਸਕਾਤੀਆ ਵਿਜਕਾਰ ਸੀ ਜਿੱਥੇ ਈਰਾਨੀ ਜਰਨੈਲ ਜਾਲੀਨਿਊਸ ਨਾਲ ਮੁਕਾਬਲਾ ਹੋਇਆ ਬਸਰਾ ਅਤੇ ਕੂਫ਼ਾ ਵਿੱਚਕਾਰਬਸਤੀਆਂ ਨੂੰ ਸਵਾਦ ਦੀ ਧਰਤੀ ਕਿਹਾ ਜਾਂਦਾ ਸੀ ਅਤੇ ਬਾਰੋ ਸਮਾਇਆ ਅਤੇ ਬਾਕੁਸੀਯਾਸਾ ਇਹਨਾ ਬਸਤੀਆਂ ਵਿੱਚੋਂ ਦੋ ਬਸਤੀਆਂ ਹਨ । ਅਬੂ ਅਬੈਦਾ ਬਾਕੁਸੀਯਾਸਾ ਪਹੁੰਚੇ ਅਤੇ ਥੋੜੀ ਜਿਹੀ ਲੜਾਈ ਦੇ ਬਾਦ ਇਰਾਨੀ ਫ਼ੌਜ ਨੇ ਹਾਰ ਖਾਧੀ ।

ਫ਼ਰਾਤ ਦਰਿਆ ਦੇ ਕੰਢੇ ਮੁਸਲਮਾਨਾ ਤੇ ਇਰਾਨੀਆਂ ਵਿੱਚਕਾਰੀ ਜਿਸਰ ਦੀ ਜੰਗ ਤੇਰ੍ਹਾਂ ਹਿਗਰੀ ਵਿੱਚ ਹੋਈ । ਮੁਸਲਮਾਨਾ ਦੇ ਸਿਪਾਸਾਲਾਰ ਹਜ਼ਰਤ ਅਬੂ ਅਬੈਦਾ ਸਕਫ਼ੀ ਸਨ ਜੱਦ ਕਿ ਇਰਾਨੀਆਂ ਵੱਲੋਂ ਬਹਮਨ ਜਾਜ਼ਵੀਆ ਸਿਪਾਸਾਲਾਰ ਸੀ । ਮੁਸਲਮਾਨ ਫ਼ੌਜ ਦੀ ਗਿਣਤੀ ਦਸ ਹਜ਼ਾਰ ਅਤੇ ਇਰਾਨੀ ਫ਼ੌਜ ਦੀ ਗਿਣਤੀ ਤੀਹ ਹਜ਼ਾਰ ਸਿਪਾਹੀਆਂ'ਤੇ ਅਧਾਰਤ ਸੀ । ਜੱਦਕਿ ਇਰਾਨੀ ਲਸ਼ਕਰ ਵਿੱਚ ਤਿੰਨ ਸੌ ਹਾਥੀ ਵੀ ਸਨ । ਫ਼ਰਾਤ ਦਰਿਆ ਵਿੱਚ ਹੋਣ ਕਰਕੇ ਦੋਵੇਂ ਲਸ਼ਕਰ ਲੜਾਈ ਤੋਂ ਰੁਕੇ ਰਹੇ ਇੱਥੋਂ ਤੱਕ ਕਿ ਦੋਹਾਂ ਦੀ ਰਜ਼ਾਮੰਦੀ ਨਾਲ ਫ਼ਰਾਤ ਦਰਿਆ ਉਪੱਰ ਪੁੱਲ ਤਿਆਰ ਕੀਤਾ ਗਿਆ । 'ਜਿਸਰ' ਪੁੱਲ ਨੂੰ ਕਹਿੰਦੇ ਹਨ ਅਤੇ ਇਸੇ ਕਰਕੇ ਇਸ ਜੰਗ ਦੂੰ ਜਿਸਰ ਦੀ ਜੰਗ ਕਿਹਾ ਜਾਂਦਾ ਹੈ । ਪੁੱਲ ਦੀ ਤਿਆਰੀ ਦੇ ਬਾਦ ਹਜ਼ਰਤ ਅਬੈਦ ਨੇ ਦਰਿਆ ਪਾਰ ਕਰਕੇ ਫ਼ਾਰਸ ਵਾਸੀਆਂ ਦੇ ਲਸ਼ਕਰ'ਤੇ ਹਮਲਾ ਕਰ ਦਿੱਤਾ । ਇਸ ਹਮਲੇ ਕਰਕੇ ਪਹਿਲਾਂ ਤਾਂ ਇਰਾਨੀ ਫ਼ੌਜ ਖਿੰਡਣ ਲੱਗ ਪਈ ਪਰ ਬਹਮਨ ਜਾਜਵੀਆਹ ਨੇ ਜੱਦ ਆਪਣੇ ਹਾਥੀ ਅੱਗੇ ਵਧਾਏ ਤਾਂ ਮੁਸਲਮਾਨਾ ਦੀਆਂ ਪੰਕਤੀਆਂ ਟੁੱਟ ਗਈਆਂ । ਅਜਿਹੇ ਸਮੇਂ ਹਜ਼ਰਤ ਅਬੈਦ ਨੇ ਹਾਥੀਆਂ ਦੀਆਂ ਸੁੰਡਾ ਕਟੱਣ ਦਾ ਹੁਕੁਮ ਦਿਤੱਾ ਅਤੇ ਆਪ ਅੱਗੇ ਵਧੱਕੇ ਇਕ ਹਾਥੀ ਦੀ ਸੁੰਡ ਕੱਟ ਦਿੱਤੀ । ਬਾਕੀ ਮੁਸਲਮਾਨ ਲਸ਼ਕਰ ਨੇ ਵੀ ਇਸ'ਤੇ ਅਮਲ ਕੀਤਾ । ਵੱਡੇ ਜ਼ੋਰ ਦਾ ਘਮਸਾਨ ਹੋਇਆ ਹਜ਼ਰਤ ਅਬੂ ਅਬੈਦ ਤੋਂ ਬਿਨਾ ਹੋਰ ਛੇ ਵਿਅਕਤੀ ਇਸਲਾਮੀ ਫ਼ੌਜ ਦਾ ਝੰਡਾ ਸੰਭਾਲਦੇ ਹੋਏ ਇਕ ਮਗਰੋਂ ਇਕ ਸ਼ਹੀਦ ਹੁੰਦੇ ਗਏ । ਅਠੱਵੇਂ ਕਮਾਂਡਰ ਹਜ਼ਰਤ ਮੁਸਨੱਾ ਸਨ ਜਿੰਨ੍ਹਾ ਨੇ ਇਸਲਾਮੀ ਫ਼ੌਜ ਨੂੰ ਫਿਰ ਤੋਂ ਲੜੀਬੱਧ ਕਰਕੇ ਭਰਪੂਰ ਹਮਲਾ ਕੀਤਾ । ਹਜ਼ਰਤ ਮੁਸਨੱਾ ਵੀ ਜ਼ਮੀ ਹੋਏ ਪਰ ਆਪ ਬਹਦੁਰੀ ਨਾਲ ਲੜਦਿਆਂ ਹੋਇਆਂ ਫ਼ਰਾਤ ਦਰਿਆ ਪਾਰ ਕਰਕੇ ਵਾਪਸ ਆ ਗਏ । ਇਸ ਜੰਗ ਵਿੱਚ ਮੁਸਲਮਾਨਾ ਦੇ ਚਾਰ ਹਜ਼ਾਰ ਵਿਅਕਤੀ ਸ਼ਹੀਦ ਹੋਏ ਜੱਦ ਕਿ ਇਰਾਨਦੀਆਂ ਦੇ ਛੇ ਹਜ਼ਾਰ ਵਿਅਕਤੀ ਮਾਰੇ ਗਏ । ਇਸ ਹਾਰ ਦੇ ਹਾਨੀਕਾਰਕ ਸਿੱਟਿਆਂ ਨਾਲ ਮੁਸਲਮਾਨ ਇਊਂ ਸੁਰੱਖਿਅਤ ਰਹੇ ਕਿ ਇਰਾਨੀ ਹੁਕੂਮਤ ਵਿੱਚ ਆਪਸੀ ਮਤਿਭੇਦ ਪੈਦਾ ਹੋ ਗਿਆ ਅਤੇ ਤਬਹਮਨ ਜਾਜ਼ਵੀਆ ਨੂੰ ਵਾਪਸ ਜਾਣਾ ਪਿਆ ।

ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹੁ ਅਨਹੁ ਨੇ ਵੀ ਜਿਸਰ ਦੀ ਜੰਗ ਬਾਰੇ ਕੁਝ ਵਰਨਣ ਕੀਤਾ ਹੈ ਕਿ ਸਭ ਤੋਂ ਵੱਡੀ ਤੇ ਭੈਭੀਤ ਕਰਨ ਵਾਲੀ ਹਾਰ ਜੋ ਇਸਲਾਮ ਨੂੰ ਪੇਸ਼ ਆਈ ਉਹ ਜਿਸਰ ਦੀ ਜੰਗ ਸੀ । ਮੁਸਲਮਾਨਾ ਦਾ ਇਹ ਹਾਣ ਐਨ੍ਹਾ ਖ਼ਤਰਨਾਕ ਸੀ ਕਿ ਮਦੀਨਾ ਤੱਕ ਇਸ ਤੋਂ ਹਿਲ ਗਿਆ । ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਮਦੀਨੇ ਵਾਲਿਆਂ ਨੂੰ ਇਕੱਠਿਆਂ ਕੀਤਾ ਅਤੇ ਫ਼ਰਮਾਇਆ ਕਿ ਹੁਣ ਮਦੀਨੇ ਤੇ ਇਰਾਨ ਵਿੱਚ ਕੋਈ ਰੋਕ ਬਾਕੀ ਨਹੀਂ । ਮਦੀਨਾ ਬਿਲਕੁਲ ਖ਼ਾਲੀ ਹੈ ਅਤੇ ਸੰਭਵ ਹੈ ਕਿ ਦੁਸ਼ਮਣ ਕੁਝ ਦਿਨਾਂ ਤੱਕ ਐਥੇ ਪਹੁੰਚ ਜਾਏ । ਇਸ ਲਈ ਮੈਂ ਆਪ ਕਮਾਂਡਰ ਬਣਕੇ ਜਾਣਾ ਚਾਹੁੰਦਾ ਹਾਂ । ਬਾਕੀ ਲੋਕਾਂ ਨੇ ਇਸ ਤਜਵੀਜ਼ ਨੂੰ ਪਸੰਦ ਕੀਤਾ ਪਰ ਹਜ਼ਰਤ ਅਲੀ ਰਜ਼ੀ ਅਲੱਾਹੁ ਅਨਹੁ ਨੇ ਕਿਹਾ ਕਿ ਜੇਕਰ ਰੱਬ ਨ ਕਰੇ ਆਪ ਕੰਮ ਆ ਗਏ ਤਾਂ ਮੁਸਲਮਾਨ ਖਿੰਡ ਪੁੰਡ ਜਾਣਗੇ ਅਤੇ ਇਹਨਾ ਦਾ ਸਾਰਾ ਤੰਤਰ ਖਿਲੱਰ ਜਾਵੇਗਾ ਇਸ ਲਈ ਕਿਸੇ ਹੋਰ ਨੂੰ ਭੇਜਣਾ ਚਾਹੀਦਾ ਹੈ ਆਪ ਖ਼ੁਦ ਨ ਜਾਣ । ਇਸ'ਤੇ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਹਜ਼ਰਤ ਸਅਦ ਰਜ਼ੀ ਅਲੱਾਹੁ ਅਨਹੁ ਨੂੰ ਜੋ ਸ਼ਾਮ ਵਿੱਚ ਰੋਮੀਆਂ ਨਾਲ ਜੰਗ ਵਿੱਚ ਲੀਨ ਸਨ, ਲਿੱਖਿਆ ਕਿ ਤੁਸੀਂ ਜਿੰਨ੍ਹਾ ਲਸ਼ਕਰ

ਭੇਜ ਸਕਦੇ ਹੋ ਭੇਜ ਦਿਓ ਕਿਉਂਕਿ ਇਸ ਸਮੇਂ ਮਦੀਨਾ ਬਿਲਕੁਲ ਨੰਗਾ ਹੋ ਚੁੱਕਿਆ ਹੈ ਅਤੇ ਜੇਕਰ ਦੁਸ਼ਮਣ ਨੂੰ ਛੇਤੀ ਨ ਰੋਕਿਆ ਗਿਆ ਤਾਂ ਉਹ ਮਦੀਨੇ'ਤੇ ਕਾਬਜ਼ ਹੋ ਜਾਵੇਗਾ ।

ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦਾ ਜ਼ਿਕਰ ਅੱਗੇ ਜਾਰੀ ਰਹਿਣ ਬਾਰੇ ਕਹਿਣ ਤੋਂ ਬਾਦ ਖ਼ੁਤਬੇ ਦੇ ਦੂਜੇ ਭਾਗ ਵਿੱਚ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਹੇਠਾਂ ਦਰਜ ਮਰਹੂਮਾਂ ਦਾ ਜ਼ਿਕਰੇ ਖ਼ੈਰ ਕੀਤਾ ਅਤੇ ਨਮਾਜ਼ ਜ਼ਨਾਜ਼ਾਹ ਗ਼ਾਇਬ ਪੜ੍ਹਾਉਣ ਦਾ ਐਲਾਨ ਕੀਤਾ ।

ਮੁਕਰੱਮ ਫ਼ਤਹੀ ਅਬਦੁਸੱਲਾਮ ਮੁਬਾਰਕ ਸਾਹਬ : ਆਪ ਦਾ ਸੰਬੰਧ ਮਿਸਰ ਨਾਲ ਸੀ ਅਤੇ ਆਪ ਬੀਤੇ ਦਿਨੀ 75 ਸਾਲ ਦੀ ਉਮਰ ਵਿੱਚ ਰੱਬ ਨੂੰ ਪਿਆਰੇ ਹੋ ਗਏ । اناللهوانااليهراجعون۔ । ਮੁਰਹੂਮ ਦੇ ਪਿਤਾ ਨਕਸ਼ਬੰਦੀ ਤਰੀਕੇ ਦੇ ਪੈਰੋਂਕਾਰ ਸਨ ਜਿੰਨ੍ਹਾ ਨੂੰ 88 ਸਾਲ ਦੀ ਉਮਰ ਵਿੱਚ ਰੱਬ ਦੀ ਅਪਾਰ ਮਿਹਰ ਨਾਲ ਬੈਅਤ ਦਾ ਮਾਣ ਪ੍ਰਾਪਤ ਹੋਇਆ । ਫ਼ਤਹੀ ਸਹਬ ਨੇ ਦਸ ਸਲ ਦੀ ਉਮਰ ਵਿੱਚ ਕੁਰਆਨ ਕਰੀਮ ਜ਼ੁਬਾਨੀ ਹਿਫ਼ਜ਼ (ਯਾਦ) ਕੀਤਾ, ਕਾਹਿਰਾ ਯੂਨੀਵਰਸਿਟੀ ਤੋਂ ਇੰਜੀਨੀਅਰ ਦੀ ਡਿਗਰੀ ਪ੍ਰਾਪਤ ਕੀਤੀ । 1998 ਈ ਵਿੱਚ ਮੁਕਰੱਮ ਮੁਸਤਫ਼ਾ ਸਾਬਤ ਸਾਹਬ ਰਾਹੀਂ ਅਹਮਦੀਅਤ ਦਰ ਪਰੀਚਅ ਹੋਇਆ । ਚੰਗਾ ਗ਼ੌਰ ਤੇ ਚਿੰਤਨ ਅਤੇ ਅਧਿਐਨ ਬਾਦ 2001 ਈ ਵਿੱਚ ਹਜ਼ੂਰ ਅਲੈਹਿ ਸਲਾਮ ਨੂੰ ਬਤੌਰ ਇਮਾਮ ਮਹਦੀ ਕੁਬੂਲ ਕਰਨ ਦਾ ਸੁਭਾਗ ਪ੍ਰਾਪਤ ਹੋਇਆ । ਫ਼ਤਹੀ ਸਾਹਬ ਨੇ ਬਹੁਤ ਸਾਰੀਆਂ ਵਿਦਿਅਕ ਸੇਵਾਵਾਂ ਦਾ ਯੋਗਦਾਨ ਪ੍ਰਾਪਤ ਕੀਤਾ । ਕਿਤਾਬਾ ਦੇ ਅਨੁਵਾਦ ਕੀਤੇ, ਐਮ.ਟੀ.ਏ. ਅਲ ਅਰਬੀਆ ਦੇ ਪ੍ਰੋਗਰਾਮਾ ਵਿੱਚ ਹਿਸੱਾ ਲਿਆ । ਲੋਕਲ ਜਮਾਤ ਵਿੱਚ ਵਿੱਚ ਲੰਮਾ ਸਮਾਂ ਸੈਕ੍ਰੇਟਰੀ ਤਬਲੀਗ਼ ਰਹੇ । ਹਜ਼ਰਤ ਅਕਦਸ ਮਸੀਹ ਮੌਊਦ ਅਲੈਹਿ ਸਲਾਮ, ਖ਼ਿਲਾਫ਼ਤੇ ਅਮਹਦੀਆ ਅਤੇ ਕਾਦੀਆਂ ਦਾਰੁਲ ਅਮਾਨ ਨਾਲ ਬਹੁਤ ਡੂੰਘਾ ਪ੍ਰੇਮ ਰਖੱਦੇ ਸਨ । ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਇਲਹਾਮ ਹੋਇਆ ਸੀ ਕਿ ਅਰਥਾਤ ਤੇਰੇ ਲਈ ਅਬਦਾਲ ਸ਼ੇਮ ਦੁਆ ਕਰਦੇ ਹਨ ਅਤੇ ਬੰਦੇ ਖ਼ੁਦਾ ਦੇ ਅਰਬ ਵਿੱਚ ਦੁਆ ਕਰਦੇ ਹਨ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਰੱਬ ਜਾਣੇ ਇਹ ਕੀ ਮਾਮਲਾ ਹੈ ਅਤੇ ਕਦੋਂ ਤੇ ਕਿਵੇਂ ਇਹ ਪ੍ਰਕਟ ਹੋਵੇ । ਵਲੱਾਹੁ ਆਲਾਮੁ ਬਿਸੱਵਾਬ (واللهاعلم بالصواب۔)। ਹਜ਼ੂਰ ਅਨਵਰ ਨੇ ਫ਼ਰਮਾਇਆ ਅਸੀਂ ਤਾਂ ਦੇਖ ਲਿਆ ਹੈ ਕਿ ਰੱਬ ਦੀ ਮਿਹਰ ਨਾਲ ਜਿੱਥੇ ਜਿੱਥੇ ਵੀ ਅਰਬ ਜਮਾਤਾਂ ਕਾਇਮ ਹੋ ਰਹੀਆਂ ਹਨ ਉੱਥੇ ਫ਼ਤਹੀ ਸਾਹਬ ਵਾਂਗ ਅਰਬਾਂ ਵਿੱਚੋਂ ਨੇਕ ਲੋਕ ਪੈਦਾ ਹੋ ਰਹੇ ਹਨ ।

ਇਹਨਾਂ ਤੋਂ ਬਿਨਾ ਮੁਕਰੱਮਾ ਰਜ਼ੀਆ ਬੇਗ਼ਮ ਸਾਹਿਬਾ ਸੁਪਤਨੀ ਖ਼ਲੀਲ ਮੁਬਸ਼ੱਰ ਅਹਮਦ ਸਾਹਬ ਸਾਬਕਾ ਇੰਚਾਰਜ ਮੁਬਲੱਗ਼ ਕੈਨੇਡਾ ਤੇ ਸੀਰਾਲੀਉਨ । ਮੁਕਰੱਮਾ ਸਾਇਰਾਹ ਸੁਲਤਾਨ ਸਾਹਿਬਾ ਸੁਪਤਨੀ ਡਾਕਟਰ ਸੁਲਤਾਨ ਮੁਬਸ਼ੱਰ ਸਾਹਬ, ਮੁਕਰੱਮਾ ਗ਼ਸੋਨਲਮਆਜ਼ਮਾਨੀ ਸਾਹਿਬਾ ਆਪ ਸ਼ਾਮ ਦਾ ਵੀ ਜ਼ਿਕਰੇ ਖ਼ੈਰ ਕਰਕੇ ਹਜ਼ੂਰ ਅਨਵਰ ਨੇ ਸਾਰਿਆਂ ਮਰਹੂਮਾ ਦੀ ਬਖ਼ਸ਼ਿਸ਼ ਤੇ ਦਰਜਿਆਂ ਦੀ ਬੁਲੰਦੀ ਲਈ ਦੁਆ ਕੀਤੀ ।

اَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ اَنْفُسِنَا وَمِنْ سَيِّئَاتِ اَعْمَالِنَا مَنْ يَّهْدِهِ اللّٰهُ فَلَا مُضِلَّ لَهٗ
وَمَنْ يُّضْلِلْهُ فَلَا هَادِيَ لَهٗ وَنَشْهَدُ أَنْ لَّا اِلٰهَ اِلَّا اللّٰهُ وَنَشْهَدُ اَنَّ مُحَمَّدًا عَبْدُهٗ وَرَسُوْلُهٗ. عِبَادَ اللّٰهِ رحمکم الله اِنَّ اللّٰهَ يَأْمُرُ بِالْعَدْلِ وَالْاِحْسَانِ وَاِيْتَآءِ
ذِي الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ يَعِظُكُمْ لَعَلَّكُمْ تَذَكَّرُوْنَ اُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ اَكْبَرُ۔

**Khulasa Khutba Jumma 16.07.2021**

Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131